# ਆਈ.ਕੇ. ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ

(ਅਕਾਦਮਿਕ ਵਿਭਾਗ)

Ref. No.: PTU/DA/ 2055

Date : 02/02/2016

ਡਾਇਰੈਕਟਰ/ਪ੍ਰਿੰਸੀਪਲ
ਸਮੂਹ ਐਫੀਲੇਟਿਡ ਸੰਸਥਾਵਾਂ/ਕਾਲਜ
ਆਈ.ਕੇ.ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ।

ਵਿਸ਼ਾ :- **One day Training and Awareness scheduled on Credit Based System (CBS).**

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਆਪ ਜੀ ਦੇ ਧਿਆਨ ਵਿਚ ਲਿਆਂਦਾ ਜਾਂਦਾ ਹੈ ਕਿ ਆਈ.ਕੇ.ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ ਵੱਲੋਂ ਦਾਖਲਾ ਸਾਲ 2015-2016 ਤੋਂ ਕਰੇਡਿਟ ਬੇਸਿਡ ਸਿਸਟਮ ਸੁਰੂ ਕੀਤਾ ਜਾ ਚੁੱਕਾ ਹੈ। ਇਸ ਸਬੰਧੀ ਸਮੂਹ ਸੰਸਥਾਵਾਂ ਨੂੰ ਪਹਿਲਾਂ ਵੀ ਨਿਰਧਾਰਿਤ ਸ਼ਡਿਊਲ ਮੁਤਾਬਕ ਟਰੇਨਿੰਗ ਦਿੱਤੀ ਜਾ ਚੁੱਕੀ ਹੈ। ਇਸ ਟਰੇਨਿੰਗ ਸ਼ਡਿਊਲ ਵਿਚ ਕੁਝ ਸੰਸਥਾਵਾਂ ਵੱਲੋਂ ਭਾਗ ਨਹੀਂ ਲਿਆ ਗਿਆ ਸੀ।

ਸਮੂਹ ਸੰਸਥਾਵਾਂ ਦੇ ਧਿਆਨ ਵਿਚ ਲਿਆਂਦਾ ਜਾਂਦਾ ਹੈ ਕਿ ਅਕਾਦਮਿਕ ਵਿਭਾਗ ਵੱਲੋਂ ਮੁੜ ਇੱਕ ਦਿਨ ਦਾ ਮਿਤੀ 04/02/2016 ਨੂੰ ਸਮਾਂ 10:30 ਤੋਂ 12:00 ਵਜੇ ਤੱਕ ਸੈਮੀਨਾਰ ਹਾਲ, ਗਰਾਊਂਡ ਫਲੋਰ, ਆਈ.ਕੇ.ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ ਵਿਖੇ ਉਕਤ ਸਬੰਧੀ ਪ੍ਰੈਜ਼ਨਟੇਸ਼ਨ ਜਾਣਕਾਰੀ/ਟਰੇਨਿੰਗ ਦਿੱਤੀ ਜਾਵੇਗੀ। ਉਕਤ ਜਾਣਕਾਰੀ/ਟਰੇਨਿੰਗ ਸ਼ਡਿਊਲ ਵਿਚ ਜਿੰਨ੍ਹਾਂ ਸੰਸਥਾਵਾਂ ਵੱਲੋਂ ਪਹਿਲਾਂ ਭਾਗ ਨਹੀਂ ਲਿਆ ਗਿਆ ਜਾਂ ਚਾਹਵਾਨ ਸੰਸਥਾਵਾਂ ਜਿੰਨ੍ਹਾਂ ਨੂੰ ਕਿਸੇ ਤਰ੍ਹਾਂ ਦੀ ਕਲੈਰੀਫਿਕੇਸ਼ਨ ਦੀ ਜ਼ਰੂਰਤ ਹੈ, ਭਾਗ ਲੈ ਸਕਦੀਆਂ ਹਨ।

Es Johal 2/2/15

ਡਿਪਟੀ ਰਜਿਸਟਰਾਰ
ਅਕਾਦਮਿਕ ਵਿਭਾਗ

ਇਸ ਦਾ ਇੱਕ ਉਤਾਰਾ :

- ਡੀਨ (ਅਕਾਦਮਿਕ) ਜੀ ਨੂੰ ਸੂਚਨਾ ਹਿੱਤ।
- ਕੰਟਰੋਲਰ ਪ੍ਰੀਖਿਆਵਾਂ ਨੂੰ ਸੂਚਨਾ ਹਿੱਤ।
- ਡਿਪਟੀ ਰਜਿਸਟਰਾਰ (ਕੰਪਿਊਟਰ ਵਿਭਾਗ) ਨੂੰ ਯੂਨੀਵਰਸਿਟੀ ਵੈਬਸਾਈਟ ਉਪਰ ਅਪਲੋਡ ਅਤੇ ਉਕਤ ਮਿਤੀ ਨੂੰ ਪ੍ਰੈਜਨਟੇਸ਼ਨ ਲਈ ਸੈਮੀਨਾਰ ਹਾਲ ਵਿਚ ਸਮੇਤ ਲੈਪਟਾਪ ਕਰਮਚਾਰੀ ਦੀ ਡਿਊਟੀ ਲਗਾਉਣ ਹਿੱਤ ਭੇਜਿਆ ਜ਼ਾਂਦਾ ਹੈ।
- ਕਾਰਜਕਾਰੀ ਇੰਜੀ. ਨੂੰ ਉਕਤ ਮਿਤੀ ਨੂੰ ਸੈਮੀਨਾਰ ਹਾਲ ਵਿਚ ਅਨਾਊਂਸਮੈਂਟ ਲਈ ਲੋੜੀਂਦੇ ਪ੍ਰਬੰਧਾਂ ਹਿੱਤ।
- ਸਕਿਊਰਟੀ ਅਫਸਰ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ।

-Sd-
ਡਿਪਟੀ ਰਜਿਸਟਰਾਰ
ਅਕਾਦਮਿਕ ਵਿਭਾਗ